**Exam. Code : 103203**
**Subject Code : 1095**

**B.A./B.Sc. 3rd Semester**

**PUNJABI (Elective)**

Time Allowed—3 Hours] [Maximum Marks—100

**ਨੋਟ :—** ਪ੍ਰਸ਼ਨ ਪੱਤਰ ਦੇ **ਚਾਰ** ਭਾਗ ਹਨ। ਵਿਦਿਆਰਥੀ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। ਹਰ ਭਾਗ ਵਿੱਚੋਂ **ਇੱਕ** ਪ੍ਰਸ਼ਨ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਹਰੇਕ ਪ੍ਰਸ਼ਨ ਦੇ ਅੰਕ ਬਰਾਬਰ ਹਨ।

downloaded from StudentSuvidha.com

**ਭਾਗ—ੳ**

1. ਹੇਠ ਲਿਖਤ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਫੂਕ ਮੁਸੱਲਾ ਭਨ ਸਿਟ ਲੋਟਾ
ਨਾ ਫੜ ਤਸਬੀ ਕਾਸਾ ਸੋਟਾ
ਆਲਿਮ ਕੈਂਹਦਾ ਦੇ ਕੇ ਹੋਕਾ
ਤਰਕ ਹਲਾਲੋਂ ਖਾ ਮੁਰਦਾਰ
ਇਸ਼ਕ ਦੀ ਨਵੀਓਂ ਨਵੀਂ ਬਹਾਰ।

(ਅ) ਜਾ ਕੇ ਮਾਹੀਆ ਪਿੰਡ ਵਿੱਚ ਗੱਲ ਟੋਰੀ,
ਇਕ ਸੁਘੜ ਜੋ ਬੇੜੀ ਵਿਚ ਗਾਂਵਦਾ ਈ।
ਉਹਦੇ ਬੋਲਿਆ ਮੁੱਖ ਥੋਂ ਫੁੱਲ ਕਿਰਦੇ,
ਲੱਖ ਲੱਖ ਦਾ ਸੱਦ ਉਹ ਲਾਂਵਦਾ ਈ।



ਸਣੇ ਲੁਡਣ ਝਮੇਲ ਦੀਆਂ ਦੋਵੇਂ ਰੰਨਾਂ,
ਸੇਜ ਹੀਰ ਦੀ ਤੇ ਰੰਗ ਲਾਂਵਦਾ ਈ।
ਵਾਰਿਸ ਸ਼ਾਹ ਨਦਾਰੀਆਂ ਆਫ਼ਤਾਂ ਨੇ,
ਵੇਖੋ ਕਹਿਆ ਫ਼ਤੂਰ ਹੁਣ ਆਂਵਦਾ ਈ।

2. ਹੇਠ ਲਿਖਤ ਕਾਵਿ-ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਜਿਸ ਢੂੰਡਿਆ ਤਿਸ ਪਾਯੋ ਨਾਹੀਂ
ਝੂਰ ਝੂਰ ਹੋਇਆ ਮੋਰ
ਆਪ ਸਾਹਿਬ ਜਿਸ ਨੂੰ ਭਾਲ ਲਏ
ਮੈਨੂੰ ਉਸੇ ਦੀ ਗਤ ਜ਼ੋਰ
ਜਿਹੜਾ ਲੇਖ ਮੱਥੇ ਦਾ ਲਿਖਿਆ
ਕੌਣ ਕਰੇ ਭੰਨ ਤੋੜ
ਸਾਹਦੋ ਕਿਸ ਨੂੰ ਕੂਕ ਸੁਨਾਵਾਂ
ਮੇਰੀ ਬੁੱਕਲ ਦੇ ਵਿਚ ਚੋਰ।

(ਅ) ਕਾਫ਼ ਕਹੇ ਪੂਰਨ ਸੁਣੀ ਸੱਚ ਮਾਤਾ,
ਤੇਰੇ ਪਲੰਘ ਤੇ ਪੈਰ ਨਾ ਮੂਲ ਧਰਸਾਂ।
ਅਖੀਂ ਫੇਰ ਕੇ ਮੂਲ ਨਾ ਨਜ਼ਰ ਕਰਾਂ,
ਮੈਂ ਤਾਂ ਸੂਲੀ ਤੇ ਚੜ੍ਹਨ ਕਬੂਲ ਕਰਸਾਂ।
ਕੰਨੀ ਖਿੱਚ ਕੇ ਅੰਦਰੋਂ ਬਾਹਰ ਆਇਆ,
ਕਹਿੰਦਾ ਧਰਮ ਗਵਾਇ ਕੇ ਕੀ ਮਰਸਾਂ।
ਕਾਦਰਯਾਰ ਨਾ ਸੰਗਦੀ ਕਹੇ ਲੂਣਾ,
ਤੇਰੇ ਲਹੂ ਦਾ ਪੂਰਨਾ ਘੁਟ ਭਰਸਾਂ।



Download all NOTES and PAPERS at StudentSuvidha.com

### ਭਾਗ—ਬੀ

3. 'ਰਾਸ ਲੀਲਾ' ਕਹਾਣੀ ਦੇ ਵਿਸ਼ਾ-ਵਸਤੂ ਸਬੰਧੀ ਚਰਚਾ ਕਰੋ।
4. 'ਪ੍ਰੇਮੀ ਦੇ ਨਿਆਣੇ' ਕਹਾਣੀ ਦਾ ਸਾਰ ਲਿਖੋ।

### ਭਾਗ—ਸੀ

5. (ੳ) 'ਪ੍ਰਤੀਕ' ਕੀ ਹੁੰਦਾ ਹੈ ? ਉਦਾਹਰਨਾਂ ਸਹਿਤ ਸਪੱਸ਼ਟ ਕਰੋ।

   (ਅ) 'ਪਾਤਰ-ਉਸਾਰੀ' ਬਾਰੇ ਚਰਚਾ ਕਰੋ।
6. (ੳ) 'ਕਥਾ ਤੇ ਕਥਾਨਕ' ਬਾਰੇ ਦਸੋ।

   (ਅ) 'ਰੂਪ ਤੇ ਵਸਤੂ' ਬਾਰੇ ਚਰਚਾ ਕਰੋ।

### ਭਾਗ—ਡੀ

7. ਨਿਮਨ-ਲਿਖਤ ਸਾਹਿਤ ਰੂਪਾਂ ਨੂੰ ਪਰਿਭਾਸ਼ਤ ਕਰੋ ਤੇ ਪ੍ਰਮੁੱਖ ਤੱਤਾਂ ਬਾਰੇ ਦੱਸੋ :

   ਵਾਰ, ਕਿੱਸਾ।
8. ਨਿਮਨ-ਲਿਖਤ ਸਾਹਿਤ ਰੂਪਾਂ ਸਬੰਧੀ ਜਾਣਕਾਰੀ ਦਿਓ :

   ਜੰਗਨਾਮਾ, ਕਾਫ਼ੀ।

downloaded from StudentSuvidha.com



Download all NOTES and PAPERS at StudentSuvidha.com